(This question paper contains 2 printed pages)

Roll No.

Sl. No of Question Paper: 188

Unique Paper Code: 212156

Name of the Paper: Punjabi C (Basic)

Name of the Course: B. A. (Prog.)

Semester: I

F

Time : 3 Hours

Maximum Marks : 75

**ਨੋਟ :** ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ।

1. 'ਨਿਮੋਲੀਆਂ' ਪੁਸਤਕ ਵਿਚ ਪੇਸ਼ ਬੇਰੋਜ਼ਗਾਰੀ ਨਾਲ ਸੰਬੰਧਤ ਕਿਸੇ **ਇਕ** ਕਹਾਣੀ ਦਾ ਆਲੋਚਨਾਤਮਕ ਸਾਰ ਲਿਖੋ। (10)

**ਜਾਂ**

'ਨਿਮੋਲੀਆਂ' ਪੁਸਤਕ ਦੀ ਕਿਹੜੀ ਕਹਾਣੀ ਵਧੇਰੇ ਪ੍ਰਭਾਵਸ਼ਾਲੀ ਹੈ ਅਤੇ ਕਿਉਂ ? ਵਿਚਾਰ ਪੇਸ਼ ਕਰੋ।

2. ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਕਹਾਣੀ ਦੀ ਆਲੋਚਨਾਤਮਕ ਵਿਆਖਿਆ ਕਰੋ : (15)

ਕਰਾਮਾਤ, ਇਕ ਬੇੜੀ ਦੇ ਸਵਾਰ, ਇਨਸਾਨ ਤੇ ਬਾਣੀਆਂ, ਦੇਸ਼ਭਗਤੀ, ਨਿਆਂ

3. ਕੇਵਲ ਸੂਦ ਦਾ ਪਹਿਲਾ ਨਾਟਕ ਕਿਹੜਾ ਹੈ ? 'ਕੱਟੀ ਹੋਈ ਬਾਂਹ' ਨਾਟਕ ਦੀ ਰੰਗਮੰਚੀ ਸਾਰਥਕਤਾ ਬਾਰੇ ਵਿਚਾਰ ਕਰੋ। (10)

**ਜਾਂ**

ਨਾਟਕ ਦੀਆਂ ਵਿਸ਼ੇਸ਼ਤਾਵਾਂ ਨੂੰ ਧਿਆਨ ਵਿਚ ਰੱਖਦਿਆਂ 'ਕੱਟੀ ਹੋਈ ਬਾਂਹ' ਨਾਟਕ ਦੇ ਵਿਸ਼ੇ ਦਾ ਆਲੋਚਨਾਤਮਕ ਅਧਿਐਨ ਪੇਸ਼ ਕਰੋ।

4. ਹੇਠ ਲਿਖਿਆਂ ਵਿਚੋਂ ਕੋਈ **ਦੋ** ਪਾਤਰਾਂ ਦਾ ਪਾਤਰ-ਚਿੱਤਰਣ ਕਰੋ : (7½×2=15)

ਸਲਮਾ, ਖ਼ਾਨ ਸਾਹਿਬ, ਸ਼ਫ਼ੀਕ, ਕ੍ਰਿਸ਼ਨ

P.T.O.

5. ਹੇਠ ਲਿਖੇ ਪੰਜਾਬੀ ਅੱਖਰਾਂ ਵਿਚੋਂ 10 ਨੂੰ ਸ਼ਬਦਾਂ ਵਿਚ ਵਰਤੋ : (5)

ਕ, ਘ, ਜ, ਝ, ਨ, ਣ, ਯ, ਡ, ਢ, ਦ, ਧ, ਭ

6. ਹੇਠ ਲਿਖੇ ਪੈਰੇ ਦਾ ਸਿਰਲੇਖ ਦਿਉ ਤੇ ਸੰਖੇਪ ਸਾਰ ਵੀ ਲਿਖੋ : (5)

"ਅਜੋਕੇ ਦੌਰ ਦੀ ਵੱਡੀ ਵਿਡੰਬਨਾ ਇਹ ਹੈ ਕਿ ਪਰਿਵਾਰ ਇਕਹਿਰੇ ਹੋ ਗਏ ਹਨ। ਵੱਡਿਆਂ ਛੋਟਿਆਂ ਦੀ ਪਹਿਲਾਂ ਵਾਲੀ ਸਾਂਝ ਨਹੀਂ ਰਹੀ। ਨਤੀਜਾ-ਕੇਂਦਰਿਤ ਸਿੱਖਿਆ, ਟੀ.ਵੀ. ਸੀਰੀਅਲਾਂ ਕੰਪਿਊਟਰੀ ਖੇਡਾਂ ਦੇ ਬੱਚਿਆਂ, ਕਿਸ਼ੋਰਾਂ, ਨੌਜਵਾਨਾਂ ਦਾ ਕਾਫ਼ੀ ਸਾਰਾ ਸਮਾਂ ਹੜੱਪ ਲਿਆ। ਅਜਿਹੀ ਸਥਿਤੀ ਵਿਚ ਕਦੇ ਵੱਡੇ-ਵਡੇਰਿਆਂ ਤੋਂ ਰਾਤਾਂ ਨੂੰ ਸੌਣ ਤੋਂ ਪਹਿਲਾਂ ਬਾਤਾਂ ਸੁਣਨ ਦਾ ਪੁਰਾਣੇ ਜ਼ਮਾਨੇ ਵਰਗਾ ਮੌਕਾ ਮਿਲੇ, ਇਸ ਗੱਲ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ। ਹੁਣ ਇਹ ਬਾਤਾਂ ਸਿਰਫ਼ ਪੜ੍ਹੀਆਂ ਜਾ ਸਕਦੀਆਂ ਹਨ ਤੇ ਜਾਂ ਫਿਰ ਵਿਸ਼ੇਸ਼ ਮਕ਼ਸਦ ਹਿੱਤ ਅਨੁਭਵੀ ਬਜ਼ੁਰਗਾਂ ਕੋਲੋਂ ਸੁਣੀਆਂ ਜਾ ਸਕਦੀਆਂ ਹਨ।"

7. (ੳ) ਹੇਠ ਲਿਖਿਆਂ ਦੇ ਸਮਾਨਾਰਥਕ ਸ਼ਬਦ ਲਿਖੋ : (5)

ਸੰਸਾਰ, ਤਜਰਬਾ, ਚਿੰਨ੍ਹ, ਵਿਆਹ, ਉਚਿਤ

(ਅ) ਹੇਠ ਲਿਖਿਆਂ ਦੇ ਵਿਪਰੀਤਾਰਥਕ ਸ਼ਬਦ ਲਿਖੋ : (5)

ਵੱਧਦਾ, ਅਨਪੜ੍ਹ, ਧਨੀ, ਡਿੱਗਣਾ, ਗਿੱਲਾ

8. 'ਬਿਹਾਰੀ' ਅਤੇ 'ਦੁਲੈਂਕੜ' ਦੇ ਚਿੰਨ੍ਹ ਵਰਤ ਕੇ **ਇਕ ਇਕ** ਸ਼ਬਦ ਬਣਾਉ। (5)

—0—